# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ ਮੁੱਖ ਅਧਿਆਪਕ/ਮੁੱਖ ਅਧਿਆਪਿਕਾ,
ਪੰਜਾਬ ਦੇ ਸਮੂਹ ਐਫੀਲੀਏਟਿਡ ਸਕੂਲਜ਼,

ਨੰਬਰ: ਪਸਸਬ-ਐਫੀ;2018/2604 ਮਿਤੀ: 3-4-18

**ਵਿਸ਼ਾ:** **Display Board ਆਪਣੇ ਸਕੂਲਾਂ ਦੇ Entry Gate ਤੇ ਲਗਾਉਣ ਬਾਰੇ।**

********

ਮਾਨਯੋਗ ਹਾਈਕੋਰਟ ਵੱਲੋਂ CWP No. 22527 of 2017 titled Sehgal V/S Union of India and others ਦੇ ਕੇਸ ਵਿੱਚ ਮਿਤੀ: 08-03-2018 ਨੂੰ ਹੇਠ ਦਰਜ ਅਨੁਸਾਰ ਹਦਾਇਤਾਂ ਕੀਤੀਆਂ ਗਈਆਂ ਹਨ:-

> **"All School in the State of Punjab will Display Boards outside the Schools mentioning about the rights of the differently abled students in terms of the provisions of the 2016 Act and the persons to be contacted in case any difficulty is faced by them along with his/her mobile number. The needful shall be done within two weeks."**

ਇਸ ਲਈ ਐਫੀਲੀਏਟਿਡ/ਐਸੋਸੀਏਟਡ/ਅਦਾਰਸ਼ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਨਯੋਗ ਹਾਈਕੋਰਟ ਵੱਲੋਂ ਉਕਤ ਦਰਜ ਅਨੁਸਾਰ ਕੀਤੀ ਗਈ ਹਦਾਇਤ ਅਤੇ ਨਾਲ ਨੱਥੀ ਹਦਾਇਤਾਂ ਸਕੂਲ ਵਿੱਚ ਬੋਰਡ ਤੇ ਡਿਸਪਲੇ ਕਰਨਾ ਇੱਕ ਹਫਤੇ (07 ਦਿਨ) ਦੇ ਅੰਦਰ-ਅੰਦਰ ਯਕੀਨੀ ਬਣਾਇਆ ਜਾਵੇ ਅਤੇ ਇਸ ਸਬੰਧੀ ਬੋਰਡ ਨੂੰ ਸੂਚਿਤ ਕੀਤਾ ਜਾਵੇ।

ਇੰਚਾਰਜ (ਐਫੀ.)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Sample to be sent to schools.

## ਸਕੂਲਾਂ ਵਿੱਚ ਲਗਾਉਣ ਵਾਲੇ Display Board sample

Rights of Persons with Disabilities Act -2016 ਅਨੁਸਾਰ ਸਕੂਲ ਵੱਲੋਂ ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ:-

1. ਐਕਟ ਦੇ ਉਪਬੰਧ ਅਨੁਸਾਰ ਵਿਲੱਖਣ ਯੋਗਤਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਨਜ਼ਦੀਕੀ ਸਕੂਲ ਵਿੱਚ ਜਾ ਸਪੈਸ਼ਲ ਸਕੂਲ ਵਿੱਚ ਬਿਨਾਂ ਕਿਸੇ ਭੇਦ-ਭਾਵ ਤੋਂ ਦਾਖਲਾ ਅਤੇ ਮੁਫਤ ਸਿੱਖਿਆ ਦੇਣ ਦਾ ਉਪਬੰਧ ਹੈ।
2. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਮੁਫਤ ਕਿਤਾਬਾਂ ਵਿਸ਼ੇਸ ਕਲਾਸਾਂ ਲਗਾਉਣਾ ਅਤੇ ਉਨ੍ਹਾਂ ਦੀ ਯੋਗਤਾ ਅਨੁਸਾਰ helping material ਦਾ ਪ੍ਰਬੰਧ ਕਰਵਾਉਣਾ।
3. Blind deaf and dumb ਵਿਦਿਆਰਥੀਆਂ ਨੂੰ ਉਨ੍ਹਾਂ ਦੀ Sign language ਅਨੁਸਾਰ ਪੜ੍ਹਾਉਣਾ।
4. ਜਿੰਨ੍ਹਾਂ ਸਕੂਲਾਂ ਵਿੱਚ ਆਪਣੀ ਟਰਾਂਸਪੋਰਟ ਦਾ ਪ੍ਰਬੰਧ ਹੈ, ਉਨ੍ਹਾਂ ਵੱਲੋਂ ਸਪੈਸ਼ਲ ਵਿਦਿਆਰਥੀਆਂ ਲਈ ਸਪੈਸ਼ਲ ਟਰਾਂਸਪੋਰਟ ਦਾ ਪ੍ਰਬੰਧ ਕਰਨਾ।
5. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਲਈ Special toilet and Special drinking water ਦਾ ਪ੍ਰਬੰਧ ਕਰਵਾਉਣਾ।
6. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਸਕੂਲ/ਬੋਰਡ ਵੱਲੋਂ ਸਪੈਸ਼ਲ ਵਜ਼ੀਫੇ ਪ੍ਦਾਨ ਕਰਨਾ।
7. ਜਿਹੜੇ ਅਜਿਹੇ ਵਿਦਿਆਰਥੀ ਆਪਣੀ ਯੋਗਤਾ ਅਨੁਸਾਰ extracurricular activities and sports ਵਿੱਚ ਭਾਗ ਲੈਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਬਿਨਾਂ ਭੇਦ-ਭਾਵ ਤੋਂ ਭਾਗ ਲੈਣ ਦੀ ਸੁਵਿਧਾ ਮੁਹੱਈਆ ਕਰਵਾਉਣਾ।
8. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਵਿੱਚ ਵਿਸ਼ੇਸ ਸਹੂਲਤਾਂ ਜਿਵੇਂ ਕਿ ਹਰ ਇਕ ਘੰਟੇ ਪਿਛੋਂ 15 ਮਿੰਟ ਵਾਧੂ ਸਮਾਂ ਦੇਣ, ਸਪੈਸ਼ਲ ਟਾਈਪ ਦਾ ਪ੍ਰਸ਼ਨ ਪੱਤਰ , ਲਿਖਾਰੀ ਦੀ ਸੁਵਿਧਾ ਦੇਣ, ਵਿਸ਼ੇ ਦੀ ਚੋਣ ਵਿੱਚ ਛੋਟ , ਦੂਜੀ ਤੀਜੀ ਭਾਸ਼ਾ ਵਿੱਚ ਛੋਟ ਆਦਿ।

ਵਿੱਲਖਣ ਯੋਗਤਾ ਵਾਲੇ ਵਿਦਿਆਰਥੀ ਉਪਰੋਕਤ ਸਬੰਧੀ ਜਾਂ ਉਨ੍ਹਾਂ ਨੂੰ ਹੋਰ ਕੋਈ ਔਕੜ ਸਕੂਲ ਵਿੱਚ ਪੇਸ਼ ਨਾ ਆਵੇ ਤਾਂ ਇਸ ਸਬੰਧੀ ਨਿਮਨ ਲਿਖਤ ਅਧਿਕਾਰੀਆਂ ਨੂੰ ਸੰਪਰਕ ਕਰਨ।

| ਅਧਿਕਾਰੀ ਦਾ ਨਾਂ | ਅਹੁੱਦਾ | ਦਫਤਰ ਦਾ ਨੰ:-/ਮੋਬਾਇਲ ਨੰ:- | ਈ-ਮੇਲ |
|---|---|---|---|
| | ਇੰਚਾਰਜ ਐਫੀਲੀਏਸ਼ਨ/ਐਸੋਸੀਏਸ਼ਨ | | |
| | ਸਬੰਧਿਤ ਜ਼ਿਲ੍ਹਾ ਮੈਨੇਜਰ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ | | |

ਜਾਰੀ ਕਰਤਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ